


# Jaap Sahib

by Guru Gobind Singh

www.PunjabiLibrary.com

Distributed by SikhNet.com

ੴ ਸਤਿਗੁਰ ਪ੍ਰਸਾਦਿ ॥
Ik Ongkaar Satgur Prasaad.

ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥
Sri Vaaheguru Ji Ki Fateh

## ॥ ਜਾਪੁ ॥
## JAAP

ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥
Siri Mukh Vaak Paatshaahi Dasvee

ਛਪੈ ਛੰਦ ॥ ਤ੍ਵ ਪ੍ਰਸਾਦਿ ॥
Chhapai Chhund. Tav Parsaad.

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
chakar chihun ar baran, jaat ar paat nehun jeh

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
roop rung ar raikh, bhaikh kou keh na sakat keh

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
achul moorat anbho prakaas amitoj kehijai

ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿੱਜੈ ॥
kot indar indraan saaho saahaan ganijai

ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
tirbhavan maheep sur nar asur nait nait bun trin kahat

ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧ ॥
tav sarab naam kathai kavan karm naam barnat sumat. (1)

## ਭੁਜੰਗ ਪ੍ਰਯਾਤ ਛੰਦ ॥

## Bhuyang Pryaat Chund

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥ ੨ ॥
namustvun akaalai, namustvun kripaalai
namustvun aroopai, namustvun anoopai (2)

ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
ਨਮਸਤੰ ਅਕਾਏ ॥ ਨਮਸਤੰ ਅਜਾਏ ॥ ੩ ॥
namustun abhaikhai, namustun alaikhai
namustun akaey, namustun ajaey. (3)

ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥ ੪ ॥
namustun aganjai, namustun abhunjai
namustun anaamai, namustun athaamai. (4)

ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥
ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥ ੫ ॥
namustun akarmun, namustun adharmun
namustun anaamun, namustun adhaamun. (5)

ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥
ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥ ੬ ॥
namustun ajitai, namustun abhitai
namustun abaahai, namustun adhaahai. (6)

ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥
ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥ ੭ ॥

namustun anilai, namustun anaadai
namustun achaidai, namustun aghaadhai. (7)

ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥ ੮ ॥
namustun agunjai, namustun abhunjai
namustun oodhaarai, namustun apaarai (8)

ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥
ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥ ੯ ॥
namustun so ekai, namustun anaikai
namustun abhootai, namustun ajoopai. (9)

ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥
ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥ ੧੦ ॥
namustun nrikarmai, namustun nribharmai
namustun nrideasai, namustun nribhaisai. (10)

ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥
ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥ ੧੧ ॥
namustun nrinaamai , namustun nrikaamai
namustun nridhaatai, namustun nrighaatai (11)

ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥
ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥ ੧੨ ॥
namustun nridhootai, namustun abhootai
namustun alokai, namustun asokai. (12)

ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥
ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥ ੧੩ ॥
namustun nritaapai, namustun athaapai
namustun trimaanai, namustun nidhaanai. (13)

ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥
ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥ ੧੪ ॥
namustun aghaahai, namustun athaahai
namustun tribargai, namustun asargai. (14)

ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥
ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥ ੧੫ ॥
namustun prabhogai, namustun sujogai
namustun arungai, namustun abhungai. (15)

ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥
ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥ ੧੬ ॥

namustun agunmai, namustsat runmai
namustun jalaasrai, namustun niraasrai. (16)

ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥
ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥ ੧੭ ॥
namustun ajaatai, namustun apaatai
namustun amujabai, namustsut ajabai. (17)

ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥
ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥ ੧੮ ॥
adaisun adaisai, namustun abhaisai
namustun nridhaamai, namustun nribaamai. (18)

ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥
ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥ ੧੯ ॥
namo sarb kaalai, namo sarb dayaalai
namo sarb roopai, namo sarb bhoopai. (19)

ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥
ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥ ੨੦ ॥
namo sarb khaapai, namo sarb thaapai
namo sarb kaalai, namo sarb paalai. (20)

ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥
ਨਮਸਤੰ ਅਜਨਮੇ ॥ ਨਮਸਤੰ ਸੁ ਬਨਮੇ ॥ ੨੧ ॥
namsatsut devai, namustun abhaivai
namustun ajanmai, namustun sobanmai. (21)

ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥
ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥ ੨੨ ॥
namo sarb gounai, namo sarb bhounai
namo sarb rungai, namo sarb bhungai. (22)

ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥
ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥ ੨੩ ॥
namo kaal kaalai, namustst dayalai
namustun abarnai, namustun amarnai. (23)

ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥
ਨਮੋ ਸਰਬ ਧੰਧੇ ॥ ਨਮੋ ਸਤ ਅਬੰਧੇ ॥ ੨੪ ॥
namustun jaraarung, namustun kritaarun
namo sarb dhundhai, namo sut abundhai. (24)

ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥
ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥ ੨੫ ॥

namustun nrisaakai, namustun nirbaakai
namustun rahimai, namustun karimai. (25)

ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥
ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥ ੨੬ ॥
namustun anuntai, namustun mahuntai
namustast raagai, namustun sohaagai (26)

ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥
ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥ ੨੭ ॥
namo sarb sokhun, namo sarb pokhun
namo sarb kartaa, namo sarb hartaa. (27)

ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥
ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥ ੨੮ ॥
namo jog jogai, namo bhog bhogai
namo sarb dayaalai, namo sarb paalai. (28)

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥
Chaachri Chhund - Tav Praasad

ਅਰੂਪ ਹੈਂ ॥ ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥ ੨੯ ॥
aroop hain, anoop hain, ajoo hain, abhoo hain (29)

ਅਲੇਖ ਹੈਂ ॥ ਅਭੇਖ ਹੈਂ ॥ ਅਨਾਮ ਹੈਂ ॥ ਅਕਾਮ ਹੈਂ ॥ ੩੦ ॥
alaikh hain, abhaikh hain, anam hain, akam hain. (30)

ਅਧੇ ਹੈਂ ॥ ਅਭੇ ਹੈਂ ॥ ਅਜੀਤ ਹੈਂ ॥ ਅਭੀਤ ਹੈਂ ॥ ੩੧ ॥
adhai hain, abhai hain, ajeet hain, abheet hain. (31)

ਤ੍ਰਿਮਾਨ ਹੈਂ ॥ ਨਿਧਾਨ ਹੈਂ ॥ ਤ੍ਰਿਬਰਗ ਹੈਂ ॥ ਅਸਰਗ ਹੈਂ॥੩੨॥
trimaan hain. nidhaan hain,
triburg hain, asarg hain. (32)

ਅਨੀਲ ਹੈਂ ॥ ਅਨਾਦਿ ਹੈਂ ॥ ਅਜੇ ਹੈਂ ॥ ਅਜਾਦਿ ਹੈਂ॥੩੩॥
anil hain, anaad hain, ajai hain, ajaad hain. (33)

ਅਜਨਮ ਹੈਂ ॥ ਅਬਰਨ ਹੈਂ ॥ ਅਭੂਤ ਹੈਂ ॥ ਅਭਰਨ ਹੈਂ ॥੩੪॥
ajanam hain, abaran hain,
abhoot hain, abharan hain. (34)

ਅਗੰਜ ਹੈਂ ॥ ਅਭੰਜ ਹੈਂ ॥ ਅਝੂਝ ਹੈਂ ॥ ਅਝੰਝ ਹੈਂ ॥ ੩੫ ॥
agunj hain, abhunj hain, ajoojh hain, ajhunjh hain.
(35)

ਅਮੀਕ ਹੈਂ ॥ ਰਫ਼ੀਕ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥ ੩੬ ॥
amik hain, rafiq hain, adhundh hain, abundh hai. (36)

ਨ੍ਰਿਬੂਝ ਹੈਂ ॥ ਅਸੂਝ ਹੈਂ ॥ ਅਕਾਲ ਹੈਂ ॥ ਅਜਾਲ ਹੈਂ ॥ ੩੭॥
nriboojh hain, asoojh hain, akal hain, ajal hain. (37)

ਅਲਾਹ ਹੈਂ ॥ ਅਜਾਹ ਹੈਂ ॥ ਅਨੰਤ ਹੈਂ ॥ ਮਹੰਤ ਹੈਂ ॥ ੩੮ ॥
alah hain, ajah hain, anunt hain, mahunt hain. (38)

ਅਲੀਕ ਹੈਂ ॥ ਨ੍ਰਿਸੀਕ ਹੈਂ ॥ ਨ੍ਰਿਲੰਭ ਹੈਂ ॥ ਅਸੰਭ ਹੈਂ ॥੩੯॥
aleek hain, nrisrik hain,
nrilumbh hain, asumbh hain. (39)

ਅਗੰਮ ਹੈਂ ॥ ਅਜੰਮ ਹੈਂ ॥ ਅਭੂਤ ਹੈਂ ॥ ਅਛੂਤ ਹੈਂ ॥੪੦॥
agum hain, ajum hain, abhoot hai, achoot hain. (40)

ਅਲੋਕ ਹੈਂ ॥ ਅਸੋਕ ਹੈਂ ॥ ਅਕਰਮ ਹੈਂ ॥ ਅਭਰਮ ਹੈਂ ॥੪੧॥
alok hain, asok hain, akaram hain, abharam hain. (41)

ਅਜੀਤ ਹੈਂ ॥ ਅਭੀਤ ਹੈਂ ॥ ਅਬਾਹ ਹੈਂ ॥ ਅਗਾਹ ਹੈਂ ॥੪੨॥
ajit hain, abheet hain, abah hain, agah hain. (42)

ਅਮਾਨ ਹੈਂ ॥ ਨਿਧਾਨ ਹੈਂ ॥ ਅਨੇਕ ਹੈਂ ॥ ਫਿਰ ਏਕ ਹੈਂ ॥੪੩॥
aman hain, nidhan hain, anaik hain, phir aik hain. (43)

ਭੁਜੰਗ ਪ੍ਰਯਾਤ ਛੰਦ ॥

Bhujung Prayaat Chhund

ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥
ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥ ੪੪ ॥
namo sarb maanai, smasti nidhaanai
namo dev devai, abhaikhi abhaivai. (44)

ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥
ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥ ੪੫ ॥
namo kaal kaalai, namo sarb paalai.
namo sarb gounai, namo sarb bhounai. (45)

ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥
ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥ ੪੬ ॥
anungi anathai, nrisungi parmaathai
namo bhaan bhaanai, namo maan maanai. (46)

ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥ ੪੭ ॥
namo chhundar chhundrai, namo bhaan bhaanai
namo geet geetai , namo taan taanai. (47)

ਨਮੋ ਨਿਰਤ ਨਿਰਤੇ ॥ ਨਮੋ ਨਾਦ ਨਾਦੇ ॥
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥ ੪੮ ॥
namo nirat nirtai, namo naad naadai
namo paan paanai, namo baad baadai. (48)

ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥
ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥ ੪੯ ॥
anungi anaamai, smusti saroopai
prabhungi pramaathai, smusti bibhootai. (49)

ਕਲੰਕੰ ਬਿਨਾ ਨੇ ਕਲੰਕੀ ਸਰੂਪੇ ॥
ਨਮੋ ਰਾਜ ਰਾਜੇ ਸ੍ਵਰੰ ਪਰਮ ਰੂਪੇ ॥ ੫੦ ॥
kalunkun bina, nai kalunki saroopai.
namo raaj raajai svarun parm roopai. (50)

ਨਮੋ ਜੋਗ ਜੋਗੇ ਸ੍ਵਰੰ ਪਰਮ ਸਿੱਧੇ ॥
ਨਮੋ ਰਾਜ ਰਾਜੇ ਸ੍ਵਰੰ ਪਰਮ ਬ੍ਰਿਧੇ ॥ ੫੧ ॥

namo jog jogai, svarun parm sidhai.
namo raaj raajai, svarun parm birdhai. (51)

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥ ੫੨ ॥
namo sustar paanai, namo astar maanai.
namo param gayaata, namo lok maataa. (52)

ਅਭੇਖੀ ਅਭਰਮੀ ਅਭੋਗੀ ਅਭੁਗਤੇ ॥
ਨਮੋ ਜੋਗ ਜੋਗੇ ਸ੍ਰੂਰੰ ਪਰਮ ਜੁਗਤੇ ॥ ੫੩ ॥
abhaikhi abharmi abhogi abhugtai
namo jog jogai svarun parm jugtai. (53)

ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥
ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੫੪॥
namo nit naaraayanai kroor karmai
namo prait aprait daivai sudharmai. (54)

ਨਮੋ ਰੋਗ ਹਰਤਾ ॥ ਨਮੋ ਰਾਗ ਰੂਪੇ ॥
ਨਮੋ ਸਾਹ ਸਾਹੰ ॥ ਨਮੋ ਭੂਪ ਭੂਪੇ ॥ ੫੫ ॥
namo rog hartaa, namo raag roopai.
namo shaah shaahai, namo bhoop bhoopai. (55)

ਨਮੋ ਦਾਨ ਦਾਨੇ ॥ ਨਮੋ ਮਾਨ ਮਾਨੇ ॥
ਨਮੋ ਰੋਗ ਰੋਗੇ ਨਮਸਤੰ ਇਸਨਾਨੰ ॥ ੫੬ ॥
namo daan daanai, namo maan maanai
namo rog rogai, namustun isnaanun. (56)

ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥
ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥ ੫੭ ॥
namo muntar muntrun, namo juntar juntrun
namo ist istai, namo tuntar tuntrun. (57)

ਸਦਾ ਸੱਚਦਾਨੰਦ ਸਰਬੰ ਪ੍ਰਣਾਸੀ ॥
ਅਨੂਪੇ ਅਰੂਪੇ ਸਮਸਤੁਲਿ ਨਿਵਾਸੀ ॥ ੫੮ ॥
sada sachdaanund sarbun pranaasi,
anoopai saroopai samustul nivaasi. (58)

ਸਦਾ ਸਿਧਦਾ ਬੁਧਦਾ ਬ੍ਰਿਧ ਕਰਤਾ ॥
ਅਧੋ ਉਰਧ ਅਰਧੰ ਅਘੰ ਓਘ ਹਰਤਾ ॥ ੫੯ ॥
sadaa sidhidaa budhidaa bridh kartaa
adho oordh ardhun aghun ogh hartaa (59)

ਪਰਮ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥
ਸਦਾ ਸਰਬਦਾ ਸਿੱਧ ਦਾਤਾ ਦਿਆਲੰ ॥ ੬੦ ॥

param param parmesvarun proch paalun,
sadaa sarbdaa sidhi daataa dyaalun. (60)

ਅਛੇਦੀ ਅਭੇਦੀ ਅਨਾਮੰ ਅਕਾਮੰ ॥
ਸਮਸਤੋ ਪਰਾਜੀ ਸਮਸਤਸਤੁ ਧਾਮੰ ॥ ੬੧ ॥
achaidi abhaidi anaamun akaamun,
samasto paraaji smastsut dhaamun. (61)

## ਤੇਰਾ ਜੋਰੁ ॥ ਚਾਚਰੀ ਛੰਦ ॥

## Teraa Jor. Chaacheri Chhund

ਜਲੇ ਹੈਂ ॥ ਥਲੇ ਹੈਂ ॥ ਅਭੀਤ ਹੈਂ ॥ ਅਭੇ ਹੈਂ ॥ ॥ ੬੨ ॥
jalai hain, thalai hain, abheet hain, abhai hain. (62)

ਪ੍ਰਭੂ ਹੈਂ ॥ ਅਜੂ ਹੈਂ ॥ ਅਦੇਸ ਹੈਂ ॥ ਅਭੇਸ ਹੈਂ ॥ ੬੩ ॥
prabhu hain, aju hain, adais hain, abhais hain. (63)

## ਭੁਜੰਗ ਪ੍ਰਯਾਤ ਛੰਦ ॥

## Bhujung Prayaat Chhund

ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥
ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ ੬੪ ॥
agaadhai, abaadhai, anundi saroopai.
namo sarb maanai, samusti nidhaanai. (64)

ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥
ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥ ੬੫ ॥
namustvun nrinaathai, namustvun pramaathai
namustvun agunjai, namustvun abhunjai. (65)

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥
ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥ ੬੬ ॥
namustvun akaalai, namustvun apaalai.
namo sarb daisai, namo sarb bhaisai. (66)

ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥
ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥ ੬੭ ॥
namo raaj rajaai, namo saj sajai.
namo shaah shaahai, namo maah maahai. (67)

ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥
ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥ ੬੮ ॥

namo geet geetai, namo preeet preetai.
namo rokh rokhai, namo sokh sokhai. (68)

ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥
ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥ ੬੯ ॥
namo sarb rogai, namo sarb bhogai.
namo sarb jeetun, namo sarb bheetun. (69)

ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥
ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥ ੭੦ ॥
namo sarb gyaanun, namo parm taanun
namo sarb muntrun, namo sarb juntrun. (70)

ਨਮੋ ਸਰਬ ਦ੍ਰਿੱਸੰ ॥ ਨਮੋ ਸਰਬ ਕ੍ਰਿੱਸੰ ॥
ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥ ੭੧ ॥
namo sarb drisun, namo sarb krisun.
namo sarb rungai, tribhungi anungai. (71)

ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥
ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥ ੭੨ ॥
namo jiv jeevai, namo bij bijai.
akhiji abhijai, smustun parsijai. (72)

ਕ੍ਰਿਪਾਲੰ ਸਰੂਪੇ ॥ ਕੁਕਰਮੰ ਪ੍ਰਣਾਸੀ ॥
ਸਦਾ ਸਰਬਦਾ ਰਿਧਿ ਸਿਧੰ ਨਿਵਾਸੀ ॥ ੭੩ ॥
kirpaalun saroopai kukarmun pranaasi.
sadaa sarbdaa ridh sidhun nivaasi. (73)

ਚਰਪਟ ਛੰਦ ॥ ਤ੍ਵ ਪ੍ਰਸਾਦਿ ॥
Charpat Chhund. Tav Prasaad

ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥
ਅਖੱਲ ਜੋਗੇ ॥ ਅਚੱਲ ਭੋਗੇ ॥ ੭੪ ॥
amrit karmai, abrit dharmai,
akhal jogai, achal bhogai. (74)

ਅਚੱਲ ਰਾਜੇ ॥ ਅਟੱਲ ਸਾਜੇ ॥
ਅਖੱਲ ਧਰਮੰ ॥ ਅਲੱਖ ਕਰਮੰ ॥ ੭੫ ॥
achal raajai, atal saajai,
akhal dharmun, alakh karamun. (75)

ਸਰਬੰ ਦਾਤਾ ॥ ਸਰਬੰ ਗਿਆਤਾ ॥
ਸਰਬੰ ਭਾਨੇ ॥ ਸਰਬੰ ਮਾਨੇ ॥ ੭੬ ॥

sarbun daataa, sarbun giyaata,
sarbun bhaanai, sarbun maanai (76)

ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥
ਸਰਬੰ ਭੁਗਤਾ ॥ ਸਰਬੰ ਜੁਗਤਾ ॥ ੭੭ ॥
sarbun praanun, sarbun traanun,
sarbun bhugtaa sarbun jugtaa. (77)

ਸਰਬੰ ਦੇਵੰ ॥ ਸਰਬੰ ਭੇਵੰ ॥ ਸਰਬੰ ਕਾਲੇ ॥ ਸਰਬੰ ਪਾਲੇ ॥੭੮॥
sarbun devun, sarbun bhevun,
sarbun kaalai, sarbun paalai. (78)

ਰੂਆਲ ਛੰਦ ॥ ਤ੍ਵ ਪ੍ਰਸਾਦਿ ॥
Rooaal Chhund. Tav Prasaad

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥
aad roop anaad moorat ajon purakh apaar.
sarb maan trimaan dev abhaiv aad udaar.

ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥
ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ ॥ ੭੯ ॥

sarb paalak sarb ghaalak sarb ko pun kaal.
jatar tatar biraajhi avdhoot roop rasaal. (79)

ਨਾਮ ਠਾਮ ਨ ਜਾਤ ਜਾਕਰ ਰੂਪ ਰੰਗ ਨ ਰੇਖ ॥
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥
naam thaam na jaat jakar roop rung na raikh
aad purakh odhaar moorat ajoni aad asaikh

ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ ੮੦ ॥
dais aur na bhais jakar roop raikh na raag
jatar tatar disaa visaa hoe phailio anuraag. (80)

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥
ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥
naam kaam biheen paikhat dhaam hoon neh jahe
sarb maan, sarbatar maan, sadev maanat tahe

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥ ੮੧ ॥
aik moorat anaik darsan, keen roop anaik
khail khail, akhail khailun, ant ko phir aik. (81)

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥
ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ ॥
dev bhaiv na jaanhi jeh baid aur kataib.
roop rung na jaat paat so janhi kih jaib

ਤਾਤ ਮਾਤ ਨ ਜਾਤ ਜਾਕਰਿ ਜਨਮ ਮਰਨ ਬਿਹੀਨ ॥
ਚੱਕ੍ਰ ਬੱਕ੍ਰ ਫਿਰੈ ਚਤ੍ਰੱ ਚੱਕ ਮਾਨਹੀ ਪੁਰ ਤੀਨ ॥ ੮੨ ॥
tat mat na jaat jaakar janam maran biheen
chakar bakar phirai chatur chak maanhi pur teen.
(82)

ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ ॥
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪ ॥
lok chaudah kai bikhai jug jaaphi jeh jaap.
aad dev anaad mooret thaapio sabai jeh thaap.

ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ ॥
ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥ ੮੩ ॥
parm roop pooneet mooret pooran purkh apar.
sarb bisv rachio soyunbhav garhan bhunjanhaar.
(83).

ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ॥
ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥
kaal heen kalaa sunjugat akaal purkh adais.
dharam dhaam su bharam rehat abhoot alakh abhais.

ਅੰਗ ਰਾਗ ਨ ਰੰਗ ਜਾਕਹ ਜਾਤਿ ਪਾਤਿ ਨ ਨਾਮ ॥
ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥ ੮੪ ॥
ang raag na rung jaakeh jaat paat na naam.
garb gunjan dust bhunjan mukat daeik kaam. (84)

ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥
ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥
aap roop ameek an-ostat aik purkh avdhoot
garb ganjan sarb bhanjan aad roop asoot

ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥
ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥ ੮੫ ॥
ang heen abhung anaatam aik purkh apaar
sarb laa-ik sarb ghaa-ik sarb ko pratipaar. (85)

ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ ॥
sarb guntaa sarb huntaa sarb tai anbhaikh.
sarb saastar na jaanhi jeh roop rung ar raikh

ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥
ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤਿ ॥੮੬॥
parm baid puraan jakeh nait bhaakhat nit.
kot sinmrit puraan saastar na aavhi voh chit. (86)

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥
Madhubaar Chhund. Tav Prasaad

ਗੁਨ ਗਨ ਉਦਾਰ ॥ ਮਹਿਮਾ ਅਪਾਰ ॥
ਆਸਨ ਅਭੰਗ ॥ ਉਪਮਾ ਅਨੰਗ ॥ ੮੭ ॥
gun gan oodar, mehmaa apaar.
aasan abhung, oopma anung. (87)

ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥
ਆਜਾਨ ਬਾਹੁ ॥ ਸਾਹਾਨ ਸਾਹੁ ॥ ੮੮ ॥
anbhao prakaas, nisdin anaas.

aajaan baahu, shaahaan shaahu. (88)

ਰਾਜਾਨ ਰਾਜ ॥ ਭਾਨਾਨ ਭਾਨ ॥
ਦੇਵਾਨ ਦੇਵ ॥ ਉਪਮਾ ਮਹਾਨ ॥ ੮੯ ॥
raajaan raaj, bhaanaan bhaan.
daivan dev, oopmaa mahaan. (89)

ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥
ਰੰਕਾਨ ਰੰਕ ॥ ਕਾਲਾਨ ਕਾਲ ॥ ੯੦ ॥
indraan indra, baalaan baal,
runkaan runk, kaalaan kaal. (90)

ਅਨਭੂਤ ਅੰਗ ॥ ਆਭਾ ਅਭੰਗ ॥
ਗਤਿ ਮਿਤਿ ਅਪਾਰ ॥ ਗੁਨ ਗਨ ਉਦਾਰ ॥ ੯੧ ॥
anbhoot ang, aabhaa abhung,
gat mit apaar, gun gan oodaar. (91)

ਮੁਨਿ ਗਨ ਪ੍ਰਨਾਮ ॥ ਨਿਰਭੈ ਨਿਕਾਮ ॥
ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥ ੯੨ ॥
mun gan pranaam, nirbhai nikaam
ut dut prachund, mit gat akhund. (92)

ਆਲਿਸਜ ਕਰਮ ॥ ਆਦ੍ਰਿਸਜ ਧਰਮ ॥
ਸਰਬਾ ਭਰਣਾਢਯ ॥ ਅਨਡੰਡ ਬਾਢਯ ॥ ੯੩ ॥
aalisiya karam, aadrisiya dharam
sarbaa bharnaadiya, andund baadhiya (93)

## ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥

## Chacheri Chhund Tav Prasaad

ਗੋਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥ ੯੪ ॥
gobindai, mukanday, oodarai, apaarai (94)

ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ ੯੫ ॥
hariaun, kariaun, nrinaamai, akaamai. (95)

## ਭੁਜੰਗ ਪ੍ਰਯਾਤ ਛੰਦ ॥

## BHUJUNG Prayaat Chhund

ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥
ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥ ੯੬ ॥
chatar chakr kartaa, chatar chakr hartaa.
chatar chakr daanai, chatar chakr jaanai. (96)

ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥
ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥ ੯੭ ॥
chatar chakr varti, chatar chakr bharti
chatar chakr paalai, chatar chakr kaalai. (97)

ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥
ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥ ੯੮ ॥
chatr chakr paasai, chatr chakr vaasai
chatr chakr maaniyai, chatr chakr daaniyai. (98)

## ਚਾਚਰੀ ਛੰਦ ॥

## Chaacheri Chhund

ਨ ਸੱਤ੍ਰੈ ॥ ਨ ਮਿੱਤ੍ਰੈ ॥ ਨ ਭਰਮੰ ॥ ਨ ਭਿੱਤ੍ਰੈ ॥ ੯੯ ॥
na satrai, na mitrai, na bharmun, na bhitrai. (99)

ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥ ੧੦੦ ॥
na karmun, na kaey, ajunmun, ajaey. (100)

ਨ ਚਿੱਤ੍ਰੈ ॥ ਨ ਮਿੱਤ੍ਰੈ ॥ ਪਰੇ ਹੈਂ ॥ ਪਵਿੱਤ੍ਰੈ ॥ ੧੦੧ ॥
na chitrai, na mitrai, parai hain, pevitrai. (101)

ਪ੍ਰਿਥੀਸੈ ॥ ਅਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥ ੧੦੨ ॥
prithisai, aadisai, adrisai, akrisai. (102)

ਭਗਵਤੀ ਛੰਦ ॥ ਤ੍ਵ ਪ੍ਰਸਾਦਿ ਕਥਤੇ ॥
BHAGVATI Chhund Tav Prasaad

ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥
ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥ ੧੦੩ ॥
ke aachij daisai, ke aabhij bhaisai.
ke aagunj karmai, keh aabunj bharmai. (103)

ਕਿ ਆਭਿਜ ਲੋਕੈ ॥ ਕਿ ਆਦਿਤ ਸੋਕੈ ॥
ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥ ੧੦੪ ॥
ke abhij lokai, ke aadit sokai.
ke avdhoot barnai, ke bebhoot karnai. (104)

ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ॥
ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥ ੧੦੫ ॥
ke raajun prabhaa hain, ke dharmun dhujaa hain.
ke asok barnai, ke sarbaa abharnai. (105)

ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥
ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥ ੧੦੬ ॥
ke jagtun kriti hain, ke chatrun chutri hain.
ke brahmun saropai, ke anbho anoopai. (106)

ਕਿ ਆਦਿ ਅਦੇਵ ਹੈਂ ॥ ਕਿ ਆਪਿ ਅਭੇਵ ਹੈਂ ॥
ਕਿ ਚਿੱਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥ ੧੦੭ ॥
ke aad adev hain. ke aap abhaiv hain.
ke chitrun beheenai. ke aikai adheenai. (107)

ਕਿ ਰੋਜ਼ੀ ਰਜ਼ਾਕੈ ॥ ਰਹੀਮੈ ਰਿਹਾਕੈ ॥
ਕਿ ਪਾਕ ਬਿਐਬ ਹੈਂ ॥ ਕਿ ਗ਼ੈਬੁਲ ਗ਼ੈਬ ਹੈਂ ॥ ੧੦੮ ॥
ke rozi rajaakai, reheemai rihaakai.
ke paak beaib hain, ke gaibul gaib hain. (108)

ਕਿ ਅਫਵੁਲ ਗੁਨਾਹ ਹੈਂ ॥ ਕਿ ਸ਼ਾਹਾਨ ਸ਼ਾਹ ਹੈਂ ॥
ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜ਼ੀ ਦਿਹੰਦ ਹੈਂ ॥ ੧੦੯ ॥
ke aphvul gunaah hain. ke shaahaan shaah hain.
ke karan kunind hain, ke roji dihund hain. (109)

ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥

ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥ ੧੧੦ ॥
ke raajak reheem hain, ke karmun karim hain.
ke sarbun kali hain, ke sarbun dali hain. (110)

ਕਿ ਸਰਬੱਤ੍ਰ ਮਾਨਿਯੈ ॥ ਕਿ ਸਰਬੱਤ੍ਰ ਦਾਨਿਯੈ ॥
ਕਿ ਸਰਬੱਤ੍ਰ ਗਉਨੈ ॥ ਕਿ ਸਰਬੱਤ੍ਰ ਭਉਨੈ ॥ ੧੧੧ ॥
ke sarbatr maaniyai, ke sarbatr daniyai.
ke sarbatr gounai, ke sarbatr bhounai. (111)

ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥
ਕਿ ਸਰਬੱਤ੍ਰ ਰਾਜੈ ॥ ਕਿ ਸਰਬੱਤ੍ਰ ਸਾਜੈ ॥ ੧੧੨ ॥
ke sarbatr daisai, ke sarbatr bhaisai.
ke sarbatr raajai, ke sarbatr saajai. (112)

ਕਿ ਸਰਬੱਤ੍ਰ ਦੀਨੈ ॥ ਕਿ ਸਰਬੱਤ੍ਰ ਲੀਨੈ ॥
ਕਿ ਸਰਬੱਤ੍ਰ ਜਾਹੋ ॥ ਕਿ ਸਰਬੱਤ੍ਰ ਭਾਹੋ ॥੧੧੩॥
ke sarbatr deenai, ke sarbatr leenai.
ke sarbatr jaaho, ke sarbatr bhaaho. (113)

ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥
ਕਿ ਸਰਬੱਤ੍ਰ ਕਾਲੈ ॥ ਕਿ ਸਰਬੱਤ੍ਰ ਪਾਲੈ ॥ ੧੧੪ ॥
ke sarbatr daisai, ke sarbtar bhaisai

ke sarbatr kaalai, ke sarbatr paalai. (114)

ਕਿ ਸਰਬੱਤ੍ਰ ਹੰਤਾ ॥ ਕਿ ਸਰਬੱਤ੍ਰ ਗੰਤਾ ॥
ਕਿ ਸਰਬੱਤ੍ਰ ਭੇਖੀ ॥ ਕਿ ਸਰਬੱਤ੍ਰ ਪੇਖੀ ॥ ੧੧੫ ॥
ke sarbatr hantaa, ke sarbatr guntaa
ke sarbatr bhaikhi, ke sarbatr paikhi. (115)

ਕਿ ਸਰਬੱਤ੍ਰ ਕਾਜੈ ॥ ਕਿ ਸਰਬੱਤ੍ਰ ਰਾਜੈ ॥
ਕਿ ਸਰਬੱਤ੍ਰ ਸੋਖੈ ॥ ਕਿ ਸਰਬੱਤ੍ਰ ਪੋਖੈ ॥ ੧੧੬ ॥
ke sarbatr kaajai, ke sarbatr raajai
ke sarbatr sokhai, ke sarbatr pokhai. (116)

ਕਿ ਸਰਬੱਤ੍ਰ ਤ੍ਰਾਣੈ ॥ ਕਿ ਸਰਬੱਤ੍ਰ ਪ੍ਰਾਣੈ ॥
ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥ ੧੧੭ ॥
ke sarbatr traanai, ke sarbatr praanai
ke sarbatr daisai, sarbatr bhaisai. (117)

ਕਿ ਸਰਬੱਤ੍ਰ ਮਾਨਿਯੈਂ ॥ ਸਦੈਵੰ ਪ੍ਰਧਾਨਿਯੈਂ ॥
ਕਿ ਸਰਬੱਤ੍ਰ ਜਾਪਿਯੈ ॥ ਕਿ ਸਰਬੱਤ੍ਰ ਥਾਪਿਯੈ ॥ ੧੧੮ ॥
ke sarbatr maaniyai, sadaivun pardhaaniyai
ke sarbatr jaapiyai, ke sarbatr thaapiyai (118)

ਕਿ ਸਰਬੱਤ੍ਰ ਭਾਨੈ ॥ ਕਿ ਸਰਬੱਤ੍ਰ ਮਾਨੈ ॥
ਕਿ ਸਰਬੱਤ੍ਰ ਇੰਦ੍ਰੈ ॥ ਕਿ ਸਰਬੱਤ੍ਰ ਚੰਦ੍ਰੈ ॥ ੧੧੯ ॥
ke sarbatr bhaanai, ke sarbatr maanai
ke sarbatr indrai, ke sarbatr Chhundrai. (119)

ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥
ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥ ੧੨੦ ॥
ke sarbun kaleemai, ke parmun phaheemai
ke aakal alaamai, ke saahib kalaamai. (120)

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥
ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥ ੧੨੧ ॥
ke husnul vajoo hain, tamaamul rujoo hain.
hamaisul salaamai, saleekhat mudaamai. (121)

ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥
ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥ ੧੨੨ ॥
ganimul shikustai, gareebul parastai
belundul makanai, zameenul zamaanai. (122)

ਤਮੀਜ਼ੁਲ ਤਮਾਮੈਂ ॥ ਰੁਜੂਅਲ ਨਿਧਾਨੈਂ ॥
ਹਰੀਫੁਲ ਅਜੀਮੈਂ ॥ ਰਜ਼ਾਇਕ ਯਕੀਨੈਂ ॥ ੧੨੩ ॥

tameejul tamaamai, rujooal nidhaanai
hareephul ajeemai, rajaa-ik yakeenai. (123)

ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥
ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥ ੧੨੪ ॥
anaikul tarung hain, abhaid hain abhung hain
ajijul nivaaz hain, ganeemul khiraaj hain. (124)

ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤ ਹੈਂ ॥
ਪ੍ਰਭੁਗਤਿ ਪ੍ਰਭਾ ਹੈਂ ॥ ਸੁ ਜੁਗਤਿ ਸੁਧਾ ਹੈਂ ॥ ੧੨੫ ॥
nirukat saroop hain, trimukat bebhooti hain
prabhugat prabhaa hain. sujugat sudhaa hain.(125)

ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥
ਸਮਸਤੋ ਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥ ੧੨੬ ॥
sadaivun saroop hain, abhaidi anoop hain.
samasto paraaj hain, sadaa sarab saaj hain. (126)

ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥
ਨ੍ਰਿਬਾਧ ਸਰੂਪ ਹੈਂ ॥ ਅਗਾਧਿ ਹੈਂ ਅਨੂਪ ਹੈਂ ॥ ੧੨੭ ॥
samastul salaam hain. sadaivul akaam hain
nribaadh saroop hain, agaadh hain anoop hain.
(127)

ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥
ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥ ੧੨੮ ॥
oun aad roopai, anaad saroopai
anungi anaamai, tribhungi trikaamai. (128)

ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥
ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥ ੧੨੯ ॥
tribargun tribaadhai, agunjai agaadhai
subhun sarb bhaagai, so sarbaa anuraagai. (129)

ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥
ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥ ੧੩੦ ॥
tribhugat saroop hain, achij hain, achoot hain.
ke narkun pranaas hain. pritheeul pravaas hain. (130)

ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥
ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥ ੧੩੧ ॥
nirukat prabhaa hain, sdaivun sadaa hain.
bebhugat saroop hain. prajugat anoop hain. (131)

ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥
ਅਨ ਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥ ੧੩੨ ॥
nirukat sadaa hain, bebhugt prabhaa hain
anookat saroop hain, prajugat anoop hain. (132)

## ਚਾਚਰੀ ਛੰਦ ॥

## Chaachari Chhund

ਅਭੰਗ ਹੈਂ ॥ ਅਨੰਗ ਹੈਂ ॥ ਅਭੇਖ ਹੈਂ ॥ ਅਲੇਖ ਹੈਂ ॥੧੩੩॥
abhung hain, anung hain,
abhaikh hain, alaikh hain. (133)

ਅਭਰਮ ਹੈਂ ॥ ਅਕਰਮ ਹੈਂ ॥ ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥
abharm hain, akarm hain,
anaad hain, jugaad hain. (134)

ਅਜੈ ਹੈਂ ॥ ਅਬੈ ਹੈਂ ॥ ਅਭੂਤ ਹੈਂ ॥ ਅਧੂਤ ਹੈਂ ॥ ੧੩੫ ॥
ajai hain, abai hain, abhoot hain, adhoot hain.(135)

ਅਨਾਸ ਹੈਂ ॥ ਉਦਾਸ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥੧੩੬॥
anaas hain, odaas hain,
adhundh hain, abundh hain. (136)

ਅਭਗਤ ਹੈਂ ॥ ਬਿਰਕਤ ਹੈਂ ॥
ਅਨਾਸ ਹੈਂ ॥ ਪ੍ਰਕਾਸ ਹੈਂ ॥ ੧੩੭ ॥
abhagat hain, birakat hain,
anaas hain, prakaas hain. (137)

ਨਿਚਿੰਤ ਹੈਂ ॥ ਸੁਨਿੰਤ ਹੈਂ ॥
ਅਲਿੱਖ ਹੈਂ ॥ ਅਦਿੱਖ ਹੈਂ ॥ ੧੩੮ ॥
nichint hain, sunint hain,
alikh hain, adikh hain. (138)

ਅਲੇਖ ਹੈਂ ॥ ਅਭੇਖ ਹੈਂ ॥
ਅਢਾਹ ਹੈਂ ॥ ਅਗਾਹ ਹੈਂ ॥ ੧੩੯ ॥
alaikh hain, abhaikh hain,
adhah hain, agah hain. (139)

ਅਸੰਭ ਹੈਂ ॥ ਅਗੰਭ ਹੈਂ ॥
ਅਨੀਲ ਹੈਂ ॥ ਅਨਾਦਿ ਹੈਂ ॥ ੧੪੦ ॥
asubh hain, agunbh hain,
aneel hain, anaad hain. (140)

ਅਨਿੱਤ ਹੈਂ ॥ ਸੁਨਿੱਤ ਹੈਂ ॥
ਅਜਾਤ ਹੈਂ ॥ ਅਜਾਦ ਹੈਂ ॥ ੧੪੧ ॥

anit hain, sunit hain,
ajaat hain, ajaad hain. (141)

## ਚਰਪਟ ਛੰਦ ॥ ਤ੍ਵ ਪ੍ਰਸਾਦਿ ॥
## Chaacheri Chhund. Tav Prasaad

ਸਰਬੰ ਹੰਤਾ ॥ ਸਰਬੰ ਗੰਤਾ ॥
ਸਰਬੰ ਖਿਆਤਾ ॥ ਸਰਬੰ ਗਿਆਤਾ ॥ ੧੪੨ ॥
sarbun huntaa, sarbun guntaa,
sarbun khiaataa, sarbun giaataa. (142)

ਸਰਬੰ ਹਰਤਾ ॥ ਸਰਬੰ ਕਰਤਾ ॥
ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ ੧੪੩ ॥
sarbun hartaa, sarbun kartaa,
sarbun praanun, sarbun traanun. (143)

ਸਰਬੰ ਕਰਮੰ ॥ ਸਰਬੰ ਧਰਮੰ ॥
ਸਰਬੰ ਜੁਗਤਾ ॥ ਸਰਬੰ ਮੁਕਤਾ ॥ ੧੪੪ ॥
sarbun karmun sarbun dharmun,
sarbun jugtaa, sarbun muktaa (144)

## ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥
## RASAAVAL Chhund Tav Prasaad

ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥
ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥ ੧੪੫ ॥
namo sarb naasai, sadaivai prakaasai
anungun saroopai, abhungun bebhootai (145)

ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥
ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥ ੧੪੬ ॥
pramaathun pramaathai, sadaa sarb saathai
agadh saroopai, nirbaadh bebhootai. (146)

ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥
ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥ ੧੪੭ ॥
anungi anaamai, tribhungi trikaamai
nribhungi saroopai, sarbungi anoopai. (147)

ਨ ਪੋਤ੍ਰੈ ਨ ਪੁੱਤ੍ਰੈ ॥ ਨ ਸੱਤ੍ਰੈ ਨ ਮਿਤ੍ਰੈ ॥
ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥ ੧੪੮ ॥
na potrai na putrai, na satrai na mitrai.

na taatai na maatai, na jaatai na paatai. (148)

ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥
ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥ ੧੪੯ ॥
nrisakun sareek hain, amito ameek hai
sadaivun prabhaa hain, ajai hain ajaa hain. (149)

ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥
Bhagvati Chhund Tav Prasaad

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਜਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥ ੧੫੦ ॥
ke zaahar zahoor hain, keh haazar hazoor hain.
hamaisul salaam hain, samastul kalaam hain. (150)

ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈਂ ॥
ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥ ੧੫੧ ॥
ke saahib demaag hain, ke husnul charaag hain.
ke kaamal karim hain, ke raazak raheem hain.(151)

ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥ ੧੫੨ ॥
ke roji dehind hain, ke raazak rahind hain
kareemul kamaal hain, keh husnul jamaal hain.(152)

ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥
ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥ ੧੫੩ ॥
ganimul kheraaj hain, gareebul nivaaj hain
hareephul shikun hain, hiraasul phikun hain.(153)

ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥
ਅਗੰਜੁਲ ਗਨੀਮ ਹੈਂ ॥ ਰਜ਼ਾਇਕ ਰਹੀਮ ਹੈਂ ॥ ੧੫੪ ॥
kalunkun pranaas hain, samastul nivaas hain.
agunjul ganeem hain, razaeik raheem hain. (154)

ਸਮਸਤੁਲ ਜੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥
ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥ ੧੫੫ ॥
samastul zubaa hain, ke saahib kiraa hain
ke narkun pranaas hain, behistul nivaas hain.(155)

ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥
ਤਮਾਮੁਲ ਤਮੀਜ਼ ਹੈਂ ॥ ਸਮਸਤੁਲ ਅਜ਼ੀਜ਼ ਹੈਂ ॥ ੧੫੬ ॥

ke sarbul gavun hain, hamaisul ravun hain.
tamaamul tameez hain, samastul aziz hain. (156)

ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥
ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥ ੧੫੭ ॥
paran param eis hain, samastul adees hain.
adaisul alaikh hain, hamaisul abhaikh hain. (157)

ਜ਼ਮੀਨੁਲ ਜ਼ਮਾ ਹੈਂ ॥ ਅਮੀਕੁਲ ਇਮਾ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਜੁਰਅਤਿ ਜਮਾਲ ਹੈਂ ॥ ੧੫੮ ॥
zameenul zamaa hain, ameekul eimaa hain
kareemul kamaal hain, ke jurat jamaal hain. (158)

ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥
ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥ ੧੫੯ ॥
ke achalun prakaash hain, ke amito subaas hain
ke aajab saroop hain, ke amito bebhooti hain.(159)

ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥
ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥ ੧੬੦ ॥
ke amito pasaa hain, ke aatam prabhaa hain
ke achlun anung hain, ke amito abhung hain. (160)

## ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥
## Madhubaar Chhund Tav Prasaad

ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥
ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥ ੧੬੧ ॥
mun man pranaam, gun gan mudaam
ar bar agunj, har nar prabhunj. (161)

ਅਨ ਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥
ਹਰਿ ਨਰ ਅਖੰਡ ॥ ਬਰ ਨਰ ਅਮੰਡ ॥ ੧੬੨ ॥
an gn prnaaam, mun man salaam
har nar akhund, bar nar amund. (162)

ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥
ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥ ੧੬੩ ॥
anbhav anaas, mun muan prakaas
gun gan pranaam, jal thal mudaam. (163)

ਅਨਛਿੱਜ ਅੰਗ ॥ ਆਸਨ ਅਭੰਗ ॥
ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥ ੧੬੪ ॥
anchij ang, aasan abhung.

oopma apar, gat mit oodaar. (164)

ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥
ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥ ੧੬੫ ॥
jal thal amund, dis vis abhund.
jal thal mahunt, dis vis biyant. (165)

ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥
ਆਜਾਨ ਬਾਹੁ ॥ ਏਕੈ ਸਦਾਹੁ ॥ ੧੬੬ ॥
anabhav anaas, dhrit dhar dhuraas.
aajaan baah, aikai sadaahu. (166)

ਓਅੰਕਾਰ ਆਦਿ ॥ ਕਥਨੀ ਅਨਾਦਿ ॥
ਖਲ ਖੰਡ ਖਿਆਲ ॥ ਗੁਰਬਰ ਅਕਾਲ ॥ ੧੬੭ ॥
Oankaar aad, kathni anaad.
khal khand khiyaal, gurbar akaal. (167)

ਘਰ ਘਰਿ ਪ੍ਰਨਾਮ ॥ ਚਿਤ ਚਰਨ ਨਾਮ ॥
ਅਨਛਿੱਜ ਗਾਤ ॥ ਆਜਿਜ ਨ ਬਾਤ ॥ ੧੬੮ ॥
ghar ghar pranaam, chit charan naam.
anchij gaat, aajij na baat. (168)

ਅਨਝੰਝ ਗਾਤ ॥ ਅਨਰੰਜ ਬਾਤ ॥
ਅਨਟੁਟ ਭੰਡਾਰ ॥ ਅਨਠਟ ਅਪਾਰ ॥ ੧੬੯॥
anjhunj gaat, anrunj baat.
antut bhundaar, anthat apaar. (169)

ਆਡੀਠ ਧਰਮ ॥ ਅਤਿ ਢੀਠ ਕਰਮ ॥
ਅਣਬ੍ਰਣ ਅਨੰਤ ॥ ਦਾਤਾ ਮਹੰਤ ॥ ੧੭੦ ॥
aadeeth dharam, at dheeth karam.
anabran anant, daataa mahunt. (170)

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥
Harbolmanaa Chhund Tav Prasaad

ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥
ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥ ੧੭੧ ॥
karunaalaya hain, ar ghaalaya hain.
khal khandan hain, meh mundan hain.(171)

ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥
ਕਲਿ ਕਾਰਣ ਹੈਂ ॥ ਸਰਬ ਉਬਾਰਣ ਹੈਂ ॥ ੧੭੨ ॥

jugataiy svar hain, paramaiy sver hain.
kal kaaran hain, sarb oobaaran hain. (172)

ਧ੍ਰਿਤ ਕੇ ਧਰਣ ਹੈਂ ॥ ਜਗ ਕੇ ਕਰਣ ਹੈਂ ॥
ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥ ੧੭੩ ॥
dhirt kai dharan hain, jug kai karan hain.
man maaniyai hain jug jaaniyai hain. (173)

ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥
ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥ ੧੭੪ ॥
sarbun bhar hain, sarbun kar hain.
sarb paasiya hain, sarb naasiya hain. (174)

ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥
ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥ ੧੭੫ ॥
karunaakar hain, bisvumbhar hain.
sarbaisver hain, jagataisver hain. (175)

ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥
ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥ ੧੭੬ ॥
brahamundas hain, khal khandas hain.
par tai par hain, karunaakar hain. (176)

ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥
ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥ ੧੭੭ ॥
ajapaa jap hain, athapaa thap hain.
akritaa krit hain, amritaa mrit hain. (177)

ਅੰਮ੍ਰਿਤਾ ਮ੍ਰਿਤ ਹੈਂ ॥ ਕਰਣਾ ਕ੍ਰਿਤ ਹੈਂ ॥
ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥ ੧੭੮ ॥
amritaa mrit hain, krunaa kirti hain.
akrita kriti hain, dharnee dhrit hain. (178)

ਅਮ੍ਰਿਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥
ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥ ੧੭੯ ॥
amitaisver hain, paramaisver hain.
akritaa kirt hain, amritaa mrit hain. (179)

ਅਜਬਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥
ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥ ੧੮੦ ॥
ajabaa krit hain, amritaa mrit hain.
nar naa-ik hain, khal gha-ik hain. (180)

ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥
ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥ ੧੮੧ ॥

bisvunbhur hain, karunaalay hain.
nrip naa-ik hain, sarb paa-ik hain. (181)

ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥
ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥ ੧੮੨ ॥
bhav bhunjan hain, ar gunjan hain.
rip taapan hain, jap jaapan hain. (182)

ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥
ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥ ੧੮੩ ॥
aklun krit hain, sarbaa krit hain.
kartaa kar hain, hartaa har hain. (183)

ਪਰਮਾਤਮ ਹੈਂ ॥ ਸਰਬ ਆਤਮ ਹੈਂ ॥
ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥ ੧੮੪ ॥
paramaatam hain, sarb aatam hain.
aatam bas hain, jas kai jas hain. (184)

ਭੁਜੰਗ ਪ੍ਰਯਾਤ ਛੰਦ ॥
Bhujang Priyaat Chhund

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥

ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥
namo sooraj soorjai namo chund chundrai
namo raaj raajai namo indra indrai.

ਨਮੋ ਅੰਧਕਾਰੇ ਨਮੋ ਤੇਜ ਤੇਜੇ ॥
ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥ ੧੮੫ ॥
namo audhkaarai namo taij taijai
namo brind brindai namo bij bijai. (185)

ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥
ਨਮੋ ਪਰਮ ਤੱਤੰ ਅਤੱਤੰ ਸਰੂਪੇ ॥
namo raajsun taamsun saant roopai
namo param tutan atutun saroopai

ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥
ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥ ੧੮੬ ॥
namo jog jogai namo gyaan gyaanai
namo mantrun muntrai namo dhian dhianai. (186)

ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥
ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥

namo judh judhai namo gyiaan gyiaanai.
namo bhoj bhojai namo paan paanai.

ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥
ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥ ੧੮੭ ॥
namo kalah kartaa namo saant roopai.
namo inder indrai anaadun bebhootai. (187)

ਕਲੰਕਾਰ ਰੂਪੇ ਅਲੰਕਾਰ ਅਲੰਕੇ ॥
ਨਮੋ ਆਸ ਆਸੇ ਨਮੋ ਬਾਂਕ ਬੰਕੇ ॥
kalunkaar roopai alunkaar alunkai.
namo aas aasai namo baank bunkai.

ਅਭੰਗੀ ਸਰੂਪੇ ਅਨੰਗੀ ਅਨਾਮੇ ॥
ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥ ੧੮੮ ॥
abhungi saroopai anungi anaamai.
tribhungi trikaalai anungi akaamai. (188)

## ਏਕ ਅਛਰੀ ਛੰਦ ॥
## Ek Achhri Chhund

ਅਜੈ ॥ ਅਲੈ ॥ ਅਭੈ ॥ ਅਬੈ ॥ ੧੮੯ ॥
ajai, alai, abhai, abai (189)

ਅਭੂ ॥ ਅਜੂ ॥ ਅਨਾਸ ॥ ਅਕਾਸ ॥ ੧੯੦ ॥
abhoo, ajoo, anaas, akaas.(190)

ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥ ੧੯੧ ॥
agunj, abhunj, alakh, abhakh. (191)

ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥ ੧੯੨ ॥
akaal, dayaal, alaikh, abhaikh.(192)

ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥ ੧੯੩ ॥
anaam, akaam, adhaah, agaah. (193)

ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥ ੧੯੪ ॥
anaathai, pramaathai, ajoni, amoni. (194)

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥ ੧੯੫ ॥
na raagai, na rungai, na roopai, na raikhai. (195)

ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥ ੧੯੬ ॥

akarmun, abharmun, agunjai, alaikhai. (196)

ਭੁਜੰਗ ਪ੍ਰਯਾਤ ਛੰਦ ॥
Bhujung Priyaat Chhund

ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥
namastul pranaamai samastul pranaasai
agunjal anaamai samastul nivaasai

ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥ ੧੯੭ ॥
nrikaamung bebhootai samastul saroopai
kukramun pranaasi sudharmun bebhootai. (197)

ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥
ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥
sda sachdanund sutrun prnasi.
kreemul kuninda smstul nivasi

ਅਜਾਇਬ ਬਿਭੂਤੇ ਗਜਾਇਬ ਗਨੀਮੇ ॥

ਹਰੀਅੰ ਕਰੀਅੰ ਕਰੀਮੁਲ ਰਹੀਮੇ ॥ ੧੯੮ ॥
ajaa-ib bebhootai gajaa-ib ganeemai
haree-an karee-an kareemul raheemai. (198)

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥
chatr chakr varti chatr chakr bhugtai
suyumbhav sobhun sarbdaa sarb jugtai

ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥ ੧੯੯ ॥
dukalun pranaasi dayaalun saroopai
sadaa ang sangai abhungun bebhootai. (199)